# ICF/DD ਹੋਮ—
# Medi-Cal Managed Care ਵਿੱਚ ਬਦਲਾਵ

ਇਹ ਮੈਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ?

## ਮੈਂ ਇਹ ਕਿਉਂ ਪ੍ਰਾਪਤ ਕਰ ਰਿਹਾ/ਰਹੀ ਹਾਂ?

» ਤੁਸੀਂ ਇੱਕ ਵਿੱਚ ਰਹਿੰਦੇ ਹੋ Developmentally Disabled (ICF-DD) ਲਈ Intermediate Care Facility ਘਰ

» ਤੁਹਾਡੇ ਘਰ ਅਤੇ ਤੁਹਾਡੀਆਂ ਸਿਹਤ ਸੰਭਾਲ ਸੇਵਾਵਾਂ ਦਾ ਭੁਗਤਾਨ ਕਰਨ ਦੇ ਤਰੀਕੇ ਵਿੱਚ ਕੁਝ ਬਦਲਾਅ ਹੋਣਗੇ।

» ਤੁਸੀਂ ਇੱਕ Medi-Cal Managed Care ਪਲਾਨ ਵਿੱਚ ਸ਼ਾਮਲ ਹੋਵੋਗੇ।

## ਕੀ ਬਦਲ ਰਿਹਾ ਹੈ?

» 1 ਜਨਵਰੀ, 2024 ਤੋਂ ਤੁਸੀਂ ਇੱਕ Medi-Cal Managed Care ਪਲਾਨ ਵਿੱਚ ਦਾਖਲ ਹੋਵੋਗੇ — ਤੁਹਾਡਾ Medi-Cal Managed Care ਪਲਾਨ, ਤੁਹਾਡੇ ਖੇਤਰੀ ਕੇਂਦਰ ਦੇ ਨਾਲ, ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ ਕਿ ਤੁਹਾਡੀਆਂ ਸਿਹਤ ਸੰਭਾਲ ਸੰਬੰਧੀ ਲੋੜਾਂ ਪੂਰੀਆਂ ਹੁੰਦੀਆਂ ਹਨ ਅਤੇ ਤੁਸੀਂ ਆਪਣੇ ICF/DD ਹੋਮ ਵਿੱਚ ਲੋੜੀਂਦੀਆਂ ਸੇਵਾਵਾਂ ਪ੍ਰਾਪਤ ਕਰਨਾ ਜਾਰੀ ਰੱਖਦੇ ਹੋ।

» ਜਿਸ ਹੋਮ ਵਿੱਚ ਤੁਸੀਂ ਰਹਿੰਦੇ ਹੋ, ਉਹ ਤੁਹਾਡੀ Medi-Cal Managed Care ਪਲਾਨ ਦੇ ਨਾਲ ਮਿਲ ਕੇ ਕੰਮ ਕਰੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਨੂੰ ਲੋੜੀਂਦੀਆਂ ਸਾਰੀਆਂ ਸੇਵਾਵਾਂ ਮਿਲ ਰਹੀਆਂ ਹਨ।

## ਮੈਨੂੰ ਕੀ ਕਰਨਾ ਪਵੇਗਾ?

» **ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ!** ਤੁਸੀਂ ਆਪਣੇ ਘਰ ਵਿੱਚ ਰਹਿਣ ਦੇ ਯੋਗ ਹੋਵੋਗੇ।

» ਅਗਲੇ ਕੁਝ ਮਹੀਨਿਆਂ ਵਿੱਚ ਤੁਹਾਨੂੰ ਡਾਕ ਰਾਹੀਂ ਹੋਰ ਜਾਣਕਾਰੀ ਭੇਜੀ ਜਾਵੇਗੀ।

» ਤੁਸੀਂ ਨਵੰਬਰ 2023 ਤੋਂ ਸ਼ੁਰੂ ਹੋਣ ਵਾਲਾ ਇੱਕ Medi-Cal Managed Care ਪਲਾਨ ਚੁਣ ਸਕਦੇ ਹੋ ਜਾਂ ਤੁਹਾਡੇ ਲਈ ਉਸ ਖੇਤਰ ਦੇ ਆਧਾਰ 'ਤੇ ਚੁਣਿਆ ਜਾਵੇਗਾ ਜਿਸ ਵਿੱਚ ਤੁਸੀਂ ਰਹਿੰਦੇ ਹੋ।

## ਜੇ ਮੇਰੇ ਕੋਈ ਸਵਾਲ ਹੋਣ ਤਾਂ ਕੀ ਕੀਤਾ ਜਾਏ?

» ਕਿਸੇ ਭਰੋਸੇਯੋਗ ਪਰਿਵਾਰਕ ਮੈਂਬਰ ਜਾਂ ਆਪਣੇ ਸੰਰੱਖਿਅਕ ਨੂੰ ਪੁੱਛੋ (ਜੇ ਤੁਹਾਡੇ ਲਈ ਕੋਈ ਨਿਰਧਾਰਤ ਹੈ)।

» ਆਪਣੇ ਖੇਤਰੀ ਕੇਂਦਰ ਵਿੱਚ ਆਪਣੇ ਸੇਵਾ ਕੋਆਰਡੀਨੇਟਰ ਨੂੰ ਪੁੱਛੋ।

» DHCS Medi-Cal ਹੈਲਪਲਾਈਨ ਨੂੰ **1-833-387-7723** 'ਤੇ ਜਾਂ Medi-Cal Ombudsman ਨੂੰ **1 (888) 452-8609 ਸੋਮਵਾਰ ਤੋ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮੀ 5 ਵਜੇ ਤਕ ਪੀ.ਟੀ. ਤੱਕ ਕਾੱਲ ਕਰੋ।** ਇਹ ਕਾੱਲ ਮੁਫ਼ਤ ਹੈ।

DHCS
CALIFORNIA DEPARTMENT OF
HEALTH CARE SERVICES

## ਅੱਗੇ ਕੀ ਹੋਵੇਗਾ?

» ਜ਼ਿਆਦਾਤਰ ਸੰਭਾਵਨਾ ਹੈ, **ਤੁਹਾਡੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਨਹੀਂ ਬਦਲੀਆਂ ਜਾਣਗੀਆਂ**।

» ਤੁਹਾਡਾ Medi-Cal Managed Care ਪਲਾਨ ਤੁਹਾਡੇ ਨਾਲ ਸੰਪਰਕ ਕਰੇਗਾ।

» ਤੁਹਾਨੂੰ ਲੋੜੀਂਦੀਆਂ ਸੇਵਾਵਾਂ ਮਿਲਦੀਆਂ ਰਹਿਣਗੀਆਂ, ਪਰ ਤੁਹਾਡੇ ਕੁਝ ਪ੍ਰਦਾਤਾ ਬਦਲ ਸਕਦੇ ਹਨ।

ਜੇਕਰ ਤੁਹਾਡਾ ਹੋਮ ਤੁਹਾਡੇ ਨਵੇਂ Managed Care ਪਲਾਨ ਵਿੱਚ ਸ਼ਾਮਲ ਹੁੰਦਾ ਹੈ ਤਾਂ...

ਕੁਝ ਨਹੀਂ ਬਦਲਦਾ। ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ। ਤੁਸੀਂ ਆਪਣੇ ਘਰ ਵਿੱਚ ਹੀ ਰਹਿੰਦੇ ਹੋ ਅਤੇ ਆਪਣੇ ਉਹੀ ਸਹਾਇਤਾ ਸਟਾਫ ਨੂੰ ਮਿਲੋਗੇ।

**ਜਾਂ**

**ਜੇਕਰ ਤੁਹਾਡਾ ਹੋਮ ਤੁਹਾਡੇ ਨਵੇਂ Managed Care ਪਲਾਨ ਵਿੱਚ ਸ਼ਾਮਲ ਨਹੀਂ ਹੁੰਦਾ ਜਾਂ ਉਸ ਨਾਲ ਕੰਮ ਨਹੀਂ ਕਰਦਾ ਹੈ ਤਾਂ...**

ਤੁਸੀਂ ਆਪਣੇ ਹੋਮ ਵਿੱਚ 12 ਮਹੀਨਿਆਂ ਤੱਕ **ਬਿਨਾਂ ਪੁੱਛੇ ਰਹਿ ਸਕਦੇ ਹੋ** ਅਤੇ ਆਪਣਾ ਉਹੀ ਸਪੋਰਟ ਸਟਾਫ਼ ਬਣਾਈ ਰੱਖ ਸਕਦੇ ਹੋ, ਫਿਰ...

ਜੇ ਤੁਸੀਂ ਚਾਹੋ, ਤਾਂ ਤੁਸੀਂ ਹੋਰ 12 ਮਹੀਨਿਆਂ ਲਈ ਆਪਣੇ ਹੋਮ ਵਿੱਚ ਰਹਿਣਾ ਜਾਰੀ ਰੱਖ ਸਕਦੇ ਹੋ ਜੇਕਰ ਤੁਹਾਡਾ ਹੋਮ ਇਸ ਦੀ ਮੰਗ ਕਰਦਾ ਹੈ।

## ਪਰਿਭਾਸ਼ਾਵਾਂ

» **ICF/DD ਹੋਮ**: Developmentally Disabled ਲਈ Intermediate Care Facility, ਜਿਸਨੂੰ ICF/DD ਹੋਮ ਵੀ ਕਿਹਾ ਜਾਂਦਾ ਹੈ, ਇੱਕ ਅਜਿਹੀ ਥਾਂ ਹੈ ਜਿੱਥੇ ਤੁਹਾਨੂੰ ਸਿਹਤ ਸੰਭਾਲ ਅਤੇ ਹੋਰ ਸਹਾਇਤਾ ਮਿਲਦੀ ਹੈ ਜਿਸਦੀ ਤੁਹਾਨੂੰ ਲੋੜ ਹੁੰਦੀ ਹੈ।

» **ਸੇਵਾਵਾਂ**: ਇਹਨਾਂ ਵਿੱਚ ਤੁਹਾਡਾ ICF/DD ਹੋਮ ਅਤੇ ਤੁਹਾਡੀਆਂ ਸਿਹਤ ਲੋੜਾਂ ਲਈ ਅਤੇ ਤੁਹਾਡੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਵਿੱਚ ਸਹਾਇਤਾ ਕਰਨ ਲਈ ਤੁਹਾਨੂੰ ਪ੍ਰਾਪਤ ਹੋਣ ਵਾਲੀ ਸਹਾਇਤਾ ਸ਼ਾਮਲ ਹੋ ਸਕਦੀ ਹੈ।

» **ਉਦਾਹਰਨਾਂ**: ਕਿਸੇ ਡਾਕਟਰ ਨੂੰ ਮਿਲਣਾ, ਫਿਜ਼ੀਕਲ ਥੈਰੇਪੀ ਕਰਨਾ, ਖਾਣਾ ਬਣਾਉਣਾ, ਸਟੋਰ ਜਾਣਾ ਜਾਂ ਨਹਾਉਣਾ।

» **ਸਹਾਇਕ ਸਟਾਫ਼**: ਉਹ ਲੋਕ ਜੋ ਤੁਹਾਡੀ ਸਹਾਇਤਾ ਕਰਦੇ ਹਨ (ਡਾਕਟਰ, ਥੈਰੇਪਿਸਟ, ਸਹਾਇਕ, ਸਹਾਇਤਾ ਕੋਆਰਡੀਨੇਟਰ, ਅਤੇ ਤੁਹਾਡੇ ਘਰ ਵਿੱਚ ਸਟਾਫ਼)।

» **Medi-Cal Managed Care ਪਲਾਨ** : ਇੱਕ ਸਿਹਤ ਸੰਭਾਲ ਕੰਪਨੀ ਜੋ ਤੁਹਾਨੂੰ ਲੋੜੀਂਦੀ ਸਿਹਤ ਸੰਭਾਲ ਅਤੇ ICF/DD ਸੇਵਾਵਾਂ ਲਈ ਭੁਗਤਾਨ ਕਰਦੀ ਹੈ, ਅਤੇ ਉਹਨਾਂ ਦਾ ਤਾਲਮੇਲ ਕਰਦੀ ਹੈ। ਪਲਾਨ ਇਹ ਯਕੀਨੀ ਬਣਾਉਣ ਵਿੱਚ ਵੀ ਮਦਦ ਕਰਦਾ ਹੈ ਕਿ ਤੁਸੀਂ ਆਪਣੇ ਡਾਕਟਰਾਂ, ਤੁਹਾਡੇ ICF/DD ਹੋਮ, ਅਤੇ ਹੋਰ ਸਹਾਇਤਾ ਸਟਾਫ਼ ਨਾਲ ਕੰਮ ਕਰਕੇ ਉਹ ਸੇਵਾਵਾਂ ਪ੍ਰਾਪਤ ਕਰਦੇ ਹੋ।